**ਡੇਅਰੀ ਪ੍ਰੋਸੈਸਿੰਗ ਐਂਡ ਇੰਫ੍ਰਾਸਟਰੱਕਚਰ ਡਿਵੈਲਪਮੈਂਟ ਫੰਡ (ਡੀ.ਆਈ.ਡੀ.ਐੱਫ.) ਸਕੀਮ ਅਧੀਨ ਸਹਾਇਤਾ ਲਈ ਫ਼ਲੋ ਚਾਰਟ**

1. ਯੋਗਤਾ ਦੇ ਮਾਪਦੰਡਾਂ ਨੂੰ ਪੂਰਾ ਕਰਨ ਵਾਲਾ ਕਰਜ਼ਦਾਰ/ਇੱਛੁਕ ਲਾਭਪਾਤਰੀ ਸਾਰੇ ਅਨੁਬੰਧਾਂ ਦੇ ਨਾਲ ਮਾਡਲ ਡੀ.ਪੀ.ਆਰ. ਦੇ ਅਨੁਸਾਰ ਇੱਕ ਵਿਸਤ੍ਰਿਤ ਪ੍ਰੋਜੈਕਟ ਰਿਪੋਰਟ (ਡੀ.ਪੀ.ਆਰ.) ਤਿਆਰ ਕਰੇਗਾ ਅਤੇ ਡੀ.ਪੀ.ਆਰ. ਨੂੰ ਵਿਚਾਰ ਲਈ ਰਾਸ਼ਟਰੀ ਡੇਅਰੀ ਵਿਕਾਸ ਬੋਰਡ (ਐਨ.ਡੀ.ਡੀ.ਬੀ.) ਨੂੰ ਜਮ੍ਹਾਂ ਕਰੇਗਾ।

2. ਪੇਸ਼ ਕੀਤੇ ਪ੍ਰਸਤਾਵ ਦਾ ਮੁਲਾਂਕਣ ਲੋੜ/ਪ੍ਰਸੰਗਿਕਤਾ ਦੇ ਸੰਦਰਭ ਵਿੱਚ ਕੀਤਾ ਜਾਵੇਗਾ, ਕਰਜ਼ੇ ਦੀ ਸੇਵਾਯੋਗਤਾ ਦੇ ਸਬੰਧ ਵਿੱਚ ਕਰਜ਼ਦਾਰ/ਇੱਛੁਕ ਲਾਭਪਾਤਰੀ ਦੀ ਕੁਸ਼ਲਤਾ ਦੇ ਨਾਲ-ਨਾਲ ਪ੍ਰਸਤਾਵ ਦੀ ਤਕਨੀਕੀ-ਆਰਥਿਕ ਵਿਹਾਰਕਤਾ ਨੂੰ ਵੀ ਪਰਖਿਆ ਜਾਵੇਗਾ।

3. ਮੁਲਾਂਕਣ ਤੋਂ ਬਾਅਦ, ਡੀ.ਪੀ.ਆਰ. ਨੂੰ ਪ੍ਰੋਜੈਕਟ ਮਨਜ਼ੂਰੀ ਕਮੇਟੀ (ਪੀ.ਐੱਸ.ਸੀ.) ਵਿੱਚ ਰੱਖਿਆ ਜਾਵੇਗਾ। ਪੀ.ਐੱਸ.ਸੀ. ਦੁਆਰਾ ਪ੍ਰਵਾਨਗੀ ਤੋਂ ਬਾਅਦ, ਰਾਸ਼ਟਰੀ ਡੇਅਰੀ ਵਿਕਾਸ ਬੋਰਡ (ਐਨ.ਡੀ.ਡੀ.ਬੀ.) ਦੁਆਰਾ ਕਰਜ਼ੇ ਦੀ ਮਨਜ਼ੂਰੀ ਅਤੇ ਨਿਯਮ ਅਤੇ ਸ਼ਰਤਾਂ ਕਰਜ਼ਦਾਰ/ਇੱਛੁਕ ਲਾਭਪਾਤਰੀ ਨੂੰ ਦੱਸੀਆਂ ਜਾਣਗੀਆਂ।